**ਜ਼ਰੂਰੀ**

ਨੰ:8/01/2015-5ਵਿਬ1/ 1491961

**ਪੰਜਾਬ ਸਰਕਾਰ**
**ਵਿੱਤ ਵਿਭਾਗ**
**(ਵਿੱਤ ਬਜਟ-1 ਸ਼ਾਖਾ)**

ਸੇਵਾ ਵਿਖੇ,

**ਮਿਤੀ, ਚੰਡੀਗੜ੍ਹ:28 ਮਈ, 2019**

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਤੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ
2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।
3) ਮੈਨੇਜਿੰਗ ਡਾਇਰੈਕਟਰ/ ਮੁੱਖ ਕਾਰਜਕਾਰੀ ਅਫਸਰ,
ਸਮੂਹ ਬੋਰਡ, ਕਾਰਪੋਰੇਸ਼ਨ ਅਤੇ ਅਰਧ ਸਰਕਾਰੀ ਅਦਾਰੇ ਪੰਜਾਬ।

**ਵਿਸ਼ਾ:** **ਡਿਪਾਜਿਟ ਵਰਕ ਦੇ ਕੇਸਾਂ ਵਿਚ ਡੀ.ਡੀ.ਓ ਪਾਵਰਾਂ ਰਲੀਜ ਕਰਾਉਣ ਸਬੰਧੀ।**

*******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਪੱਤਰ ਨੰ:8/1/2015-5ਵਿਬ1/1301674/1, ਮਿਤੀ 23.8.2018 ਦੀ ਲਗਾਤਾਰਤਾ ਵਿਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪ੍ਰਬੰਧਕੀ ਵਿਭਾਗਾਂ ਦੁਆਰਾ ਡਿਪਾਜਿਟ ਵਰਕ ਦੇ ਕੇਸਾਂ ਵਿਚ ਡੀ.ਡੀ.ਓ ਪਾਵਰਾਂ ਆਥਰਾਈਜ਼ ਕਰਨ ਦੇ ਪੱਧਰ ਸਬੰਧੀ queries ਪੁਛੀਆਂ ਜਾ ਰਹੀਆਂ ਹਨ। ਇਸ ਸਬੰਧੀ ਹੇਠ ਅਨੁਸਾਰ ਸਪਸ਼ਟ ਕੀਤਾ ਜਾਂਦਾ ਹੈ:-

(1)ਸਬੰਧਤ ਪ੍ਰਬੰਧਕੀ ਵਿਭਾਗ ਜਿਸ ਨੇ ਕੰਮ ਕਰਵਾਉਣਾ ਹੈ, ਉਹ ਆਪਣੇ ਵਿਭਾਗ ਦੀ ਮੰਗ ਅਧੀਨ ਪਰਾਪਰ ਹੈੱਡ ਆਫ ਅਕਾਊਂਟ ਵਿਚ ਬਜਟ ਉਪਬੰਧ ਸੁਨਿਸ਼ਚਿਤ ਕਰੇਗਾ ਅਤੇ ਕੰਮ ਕਰਨ ਵਾਲੇ ਵਿਭਾਗ (Executing Department) ਜਿਵੇ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਲੋਕ ਨਿਰਮਾਣ ਵਿਭਾਗ, ਜਲ ਸਰੋਤ ਵਿਭਾਗ, ਮਕਾਨ ਉਸਾਰੀ ਵਿਭਾਗ ਜਾਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਆਦਿ ਦੇ ਸਬੰਧਤ ਅਧਿਕਾਰੀਆਂ ਨੂੰ ਡੀ.ਡੀ.ਓ declare ਕਰਦੇ ਹੋਏ DDO powers ਲੈਣ ਲਈ authorise ਕਰੇਗਾ।

(2) ਸਬੰਧਤ ਪ੍ਰਬੰਧਕੀ ਵਿਭਾਗ, Executing Department ਦੇ ਡੀ.ਡੀ.ਓ. ਨੂੰ ਐਸ.ਓ.ਈ-53-ਮੇਜਰ ਵਰਕਸ ਅਤੇ 27-ਮਾਈਨਰ ਵਰਕਸ ਅਧੀਨ DDO declare ਕਰਨ ਅਤੇ DDO powers ਲੈਣ ਲਈ authorise ਕਰਨ ਲਈ ਸਮਰਥ ਹੋਵੇਗਾ।

(3) ਸਬੰਧਤ ਪ੍ਰਬੰਧਕੀ ਵਿਭਾਗ ਜਿਨ੍ਹਾਂ ਦੁਆਰਾ SOE-35 Creation of Capital Assets ਤਹਿਤ ਉਨ੍ਹਾਂ ਦੇ ਅਧੀਨ ਆਉਂਦੇ Board/Corporation/PSU ਨੂੰ Grant-In-Aid ਜਾਰੀ ਕੀਤੀ ਜਾਂਦੀ ਹੈ ਅਤੇ ਉਸ Board/Corporation/PSU ਦਾ ਆਪਣਾ technical wing ਨਹੀਂ ਹੈ, ਦੇ ਕੇਸਾਂ ਵਿਚ ਉਸ ਪ੍ਰਬੰਧਕੀ ਵਿਭਾਗ ਵਲੋਂ ਸਰਕਾਰੀ Executing Department ਜਿਵੇਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਲੋਕ ਨਿਰਮਾਣ ਵਿਭਾਗ, ਜਲ ਸਰੋਤ ਵਿਭਾਗ, ਮਕਾਨ ਉਸਾਰੀ ਵਿਭਾਗ ਜਾਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਆਦਿ ਦੇ ਅਧਿਕਾਰੀਆ ਨੂੰ DDO declare ਕਰਦੇ ਹੋਏ DDO powers ਲੈਣ ਲਈ authorise ਕਰੇਗਾ।

(4) ਸਬੰਧਤ ਪ੍ਰਬੰਧਕੀ ਵਿਭਾਗ ਦੁਆਰਾ Executing Department ਦੇ ਸਬੰਧਤ ਅਧਿਕਾਰੀ ਨੂੰ ਡੀ.ਡੀ.ਓ ਡਿਕਲੇਅਰ ਕਰਨ ਉਪਰੰਤ DDO powers ਲੈਣ ਲਈ ਤਜਵੀਜ ਉਨ੍ਹਾਂ ਨਾਲ ਸਬੰਧਤ ਵਿੱਤ ਵਿਭਾਗ ਦੀ

Scanned with CamScanner

ਵਿਤ ਖਰਚਾ ਸ਼ਾਖਾ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਵੇਗੀ। ਉਦਾਹਰਨ ਦੇ ਤੌਰ ਤੇ ਜੇਕਰ ਯਾਤਰਾ ਤੇ ਸਭਿਆਚਾਰਕ ਮਾਮਲੇ ਵਿਭਾਗ ਨੇ ਲੋਕ ਨਿਰਮਾਣ ਵਿਭਾਗ ਤੋਂ ਕੰਮ ਕਰਵਾਉਣਾ ਹੈ ਤਾਂ ਯਾਤਰਾ ਤੇ ਸਭਿਚਾਰਕ ਮਾਮਲੇ ਵਿਭਾਗ ਵਲੋਂ ਵਿੱਤ ਖਰਚਾ-5 ਸ਼ਾਖਾ ਨੂੰ ਤਜਵੀਜ ਭੇਜ ਕੇ ਡੀ.ਡੀ.ਓ ਪਾਵਰਾਂ ਜਾਰੀ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

(5) ਡਿਪਾਜਿਟ ਵਰਕ ਦੇ ਕੇਸਾਂ ਵਿਚ ਸਰਕਾਰ ਵਲੋਂ ਜਾਰੀ ਪੱਤਰ ਨੰ:3/2/2018-4ਵਿਬ1/379, ਮਿਤੀ 11 ਅਪ੍ਰੈਲ, 2019 ਅਨੁਸਾਰ ਡੀ.ਡੀ.ਓ ਪਾਵਰਾਂ Executing Department ਦੇ ਐਸ.ਏ.ਐਸ. ਕਾਡਰ ਦੇ ਅਧਿਕਾਰੀ ਨੂੰ ਦੇਣ ਸਬੰਧੀ ਹਦਾਇਤਾਂ ਲਾਗੂ ਨਹੀਂ ਹੋਣਗੀਆਂ।

ਵਿਸ਼ਵਾਸਪਾਤਰ,

ਹਰਵਿੰਦਰ ਸਿੰਘ

(ਹਰਵਿੰਦਰ ਸਿੰਘ)
ਬਜਟ ਅਫਸਰ

ਇਸ ਦਾ ਇੱਕ ਉਤਾਰਾ ਮੁੱਖ ਸਕੱਤਰ ਪੰਜਾਬ ਸਰਕਾਰ/ ਸਮੂਹ ਵਿਸ਼ੇਸ਼ ਮੁੱਖ ਸਕੱਤਰ / ਸਮੂਹ ਵਧੀਕ ਮੁੱਖ ਸਕੱਤਰ / ਸਮੂਹ ਵਿੱਤੀ ਕਮਿਸ਼ਨਰ /ਸਮੂਹ ਪ੍ਰਮੁੱਖ ਸਕੱਤਰ ਅਤੇ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਸਮੂਹ ਵਧੀਕ ਮੁੱਖ ਸਕੱਤਰ/ ਸਮੂਹ ਵਿੱਤੀ ਕਮਿਸ਼ਨਰ/ ਸਮੂਹ ਪ੍ਰਮੁੱਖ ਸਕੱਤਰ/ ਸਮੂਹ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ:8/1/2015-5ਵਿਬ1/ ੧੫੧੧੯੬|੨ ਮਿਤੀ, ਚੰਡੀਗੜ੍ਹ:28 ਮਈ, 2019

ਇਕ ਉਤਾਰਾ ਡਾਇਰੈਕਟਰ, ਪਬਲਿਕ ਇੰਨਟਰਪ੍ਰਾਈਜਿਜ ਅਤੇ ਡਿਸਇਨਵੈਸਟਮੈਂਟ ਪੰਜਾਬ, ਵਿੱਤ ਤੇ ਯੋਜਨਾ ਭਵਨ, ਸੈਕਟਰ-33 ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਸਮੂਹ ਬੋਰਡਾਂ, ਕਾਰਪੋਰੇਸ਼ਨਾਂ ਅਤੇ ਅਰਧ ਸਰਕਾਰੀ ਅਦਾਰਿਆਂ ਕੋਲੋਂ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਾਉਣੀ ਯਕੀਨੀ ਬਣਾਈ ਜਾਵੇ।

ਹਰਵਿੰਦਰ ਸਿੰਘ
ਬਜਟ ਅਫਸਰ

ਪਿੱਠ ਅੰਕਣ ਨੰ:8/1/2015-5ਵਿਬ1/ ੧੫੧੧੯੬|੩ ਮਿਤੀ, ਚੰਡੀਗੜ੍ਹ:28 ਮਈ, 2019

ਇਕ ਉਤਾਰਾ ਸਕੱਤਰ ਖਰਚਾ, ਵਿਸ਼ੇਸ਼ ਸਕੱਤਰ ਖਰਚਾ, ਸਮੂਹ ਵਿਸ਼ੇਸ਼ ਸਕੱਤਰ ਵਿੱਤ, ਸਮੂਹ ਵਧੀਕ ਸਕੱਤਰ ਵਿੱਤ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

1) ਸਕੱਤਰ ਖਰਚਾ, ਵਿੱਤ ਵਿਭਾਗ।
2) ਵਿਸ਼ੇਸ਼ ਸਕੱਤਰ ਖਰਚਾ, ਵਿੱਤ ਵਿਭਾਗ।
3) ਸਮੂਹ ਵਿਸ਼ੇਸ਼ ਸਕੱਤਰ ਵਿੱਤ, ਵਿੱਤ ਵਿਭਾਗ।
4) ਸਮੂਹ ਵਧੀਕ ਸਕੱਤਰ ਵਿੱਤ, ਵਿੱਤ ਵਿਭਾਗ।

ਅੰ:ਵਿ:ਪੱ: ਨੰ:8/1/2015-5ਵਿਬ1/ ੧੫੧੧੯੬|੪ ਮਿਤੀ, ਚੰਡੀਗੜ੍ਹ:28 ਮਈ, 2019

Scanned with CamScanner